ਹੀਰ
ਭਗਵਾਨ ਸਿੰਘ

ਜੋ

ਰਾਇਸਾਹਿਬ ਮੁਨਸ਼ੀ ਗੁਲਾਬਸਿੰਘ

ਐਂਡ ਸਨਜ਼

ROYAL SIKH LIBRARY

ਪ੍ਰਿੰਟਰਜ਼, ਪਬਲਿਸ਼ਰਜ਼, ਬੁਕਸੇਲਰਜ਼,
ਮਾਲਕਾਨ ਪੰਜਾਬ ਸੈਂਟ੍ਰਲ ਬੁਕਡਿਪੋ
ਵ ਮੁਫ਼ੀਦਆਮ ਪ੍ਰੈਸ ਲਾਹੌਰ ਨੇ

ਲਾਃ ਮੋਤੀਰਾਮ ਮੈਨੇਜਰ ਦੇ ਪ੍ਰਬੰਧ ਨਾਲ "ਮੁਫ਼ੀਦਆਮ ਪ੍ਰੈਸ"
ਲਾਹੌਰ ਵਿੱਚ ਛਾਪੀ

(ਸੰਃ ਬਿਃ ੧੯੮੭–ਸੰਃ ਨਾਃ ੪੫੫–ਸੰਃ ਈਃ ੧੯੨੪)

੨ ੴ ਸਤਿਗੁਰਪ੍ਰਸਾਦਿ ॥

ਕਿੱਸਾ ਹੀਰ ਰਾਂਝਾ ਕ੍ਰਿਤ ਕਵਿ ਭਗਵਾਨ ਸਿੰਘ

ਦੋਹਰਾ ॥ ਦੇਵੀ ਮਾਤਾ ਸਿਮਰ ਕੇ ਨਾਸੇ ਸਕਲ ਕਲੇਸ਼ ॥ ਤਨਕ ਮਨੋਰਥ ਕਾਰਨੇ ਅਰਜ਼ ਕਰੇ ਦਰਵੇਸ਼ ॥ ੧ ॥ਦੋਹਰਾ ॥ ਕਿੱਸਾ ਕਹੂੰਅਬਹੀਰਕਾ ਜੋਗੁਜ਼ਰਾ ਥਾ ਹਾਲ ॥ ਭਗਵਾਨ ਸਿੰਘ ਵਿਚ ਦੇਸਤਾਂ ਕਹਾਂ ਮੌਜ ਦੇ ਨਾਲ ॥ ੨ ॥ਕਬਿੱਤ॥ ਪੂਰਨ ਪਰਮਾਤਮਾ ਜਹਾਨ ਮੇਂ ਬਿਰਾਜਮਾਨਦੇਤਾ ਹੈ ਰਿਜ਼ਕ ਜੋ ਭਮਾਮਜੀਅਜੰਤ ਕੋ॥ ਮੋਰ ਤੇ ਚਕੋਰ ਹੋਰਗਾਉਂਦੇਜਨੌਰ ਸਬ ਸਾਧਸੰਤਧਿਆਉਂਦੇ ਹਮੇਸ਼ਾ ਜੋ ਬੇਅੰਤ ਕੋ॥ ਪਾਉਂਦਾ ਮੁਰਾਦ ਸੋਈ ਜੋਈ ਚਿੱਤ ਲਾਉਂਦਾ ਹੈ ਐਸਾ ਰੱਬ ਸੱਚਾ ਸੋ ਪੁਚਾਂਦਾਅਨੰਤਕੋ॥ ਕਿੱਸਾਹੀਰ ਰਾਂਝੇਕਾਬਨਾਊਂ ਭਗਵਾਨ ਸਿੰਘਾ ਜੱਗ ਮੇਂ ਸੁਨਾਊਂ ਸਿਮਰ ਸੱਚੇ ਭਗਵੰਤ ਕੋ ॥ ੩ ॥ ਕਬਿੱਤ ॥ ਮੀਆਂ ਫ਼ਜ਼ਲਸ਼ਾਹਨੇ ਦਿਖਾਯਾ ਇਲਮਫ਼ਾਰਸੀ ਦਾ ਵਾਰੇਸ਼ਾਹਨੇ ਹੋਰ ਤੌਰ ਬਨਤ ਬਨਾਯਾ ਹੈ ॥ ਰੋਸ਼ਨ ਨੇ ਰੋਸ਼ਨੀ ਦਿਖਾਈ ਵੋੜੀਕਾਰ ਵਿਚ ਬਹਿਬਲਨੇ ਚਮਤਕਾਰ ਖੂਬ ਚਮਕਾਯਾ ਹੈ ॥ ਅੱਵਲ ਬਨਾਈ ਹੀਰ ਜੱਗ ਮੀਏਂ ਮੁਕਬਲੇਨੇ ਜੋਗਸਿੰਘਭੋਗਭਲੀਭਾਂਤਸੇਤੀਪਾਯਾ ਹੈ ॥ ਬੋਲੀ ਖਾਸ ਮਾਲ ਦੀਪਈਭਗਵਾਨਸਿੰਘਾਇਲਮਾਬੇਇਲਮਾਂਨੂੰ ਖੂਬ ਸਮਝਾਯਾ ਹੈ ॥ ੪ ॥ ਕਬਿੱਤ ॥ ਤਖਤ ਹਜ਼ਾਰੇ ਵਿੱਚ ਮੌਜੂ ਸਰਦਾਰਭਾਰਾਵੱਡਾ ਪਰਵਾਰਤੇ ਵਿਹਾਰਨਾਲ ਵੱਸਦਾ॥

ਚੌਧਰੀ ਵਿਲਾਇਤਾਂ ਦਾ ਸਿੰਘ ਪੰਚਾਇਤਾਂ ਮੇਂ ਵੱਡੇ ਤਮਾਮ ਨੂੰ ਸਲਾਹਾਂ ਨਿੱਤ ਦੱਸਦਾ ॥ ਛੋਟਾ ਪੁੱਤ ਚੌਧਰੀ ਨੂੰ ਲਾਡਲਾ ਜਹਾਨ ਵਿੱਚੋਂ ਮੁਖ ਜਦੋਂ ਦੇਖਦਾ ਤਮਾਮ ਦੁਖ ਨੱਸਦਾ ॥ ਸੁੰਦਰ ਸਰੂਪ ਧੀਰੇ ਨਾਮ ਭਗਵਾਨ ਸਿੰਘ ਦੇਖੀਏ ਨੇ ਮੁੱਖ ਤਾਂ ਪਰਾਨ ਜਾਵੇ ਖੱਸਦਾ ॥ ੫ ॥ ਕਬਿੱਤ ॥ ਲਾਡਲਾ ਅਨੋਖਾ ਘਰ ਮਾਪਿਆਂ ਦੇ ਨੀਮਿਆਂ ਸੀ ਸੋਈ ਮੀਏਂ ਰਾਂਝਣੇ ਨੂੰ ਲਾਡ ਨਾਲ ਪਾਲਿਆ ॥ ਮਾਤਾ ਮਿਹਰਬਾਨ ਲੱਖ ਵਾਰ ਕੁਰਬਾਨ ਜਾਵੇ ਗੋਦੀਓਂ ਉਤਾਰਦੇ ਜ਼ਿਮੀ ਨ ਬਹਾਲਿਆ ॥ ਭਾਈ ਅਤੇ ਬਾਪ ਆਪਲੈਂਦਾ ਸੀ ਪਰੇਮ ਨਾਲ ਪੁੱਜਕੇ ਪਿਆਰ ਨਹੀਂ ਬੁਰਾਲੇਂ ਨਿਕਾਲਿਆ ॥ ਲੱਖ ਲੱਖ ਨਿਆਮਤਾਂ ਦੇ ਨਾਲ ਭਗਵਾਨ ਸਿੰਘ ਰਾਂਝੇ ਨੇ ਸਰੀਰ ਕੋਈ ਰੋਜ ਮੇਂ ਸੰਭਾਲਿਆ ॥ ੬ ॥ ਕਬਿੱਤ ॥ ਅਵਲ ਬਰਸ ਰਾਂਝਾ ਗੋਦੀਓਂ ਨ ਲਾਹਿਆ ਸ੍ਰੀ ਦੂਸਰੇ ਬਰਸ ਜ਼ਮੀਨ ਉੱਤੇ ਖੇਲਦਾ ॥ ਤੀਸਰੇ ਬਰਸ ਵਿੱਚ ਜਲੀਆਂ ਦੇ ਫਿਰੇ ਡੰਨਾ ਦੌਰਾ ਜਾਂ ਬਰਸ ਹੱਥ ਖ਼ਦਮਾਂ ਉਛੇਲਦਾ ॥ ਪੰਜਵੇਂ ਬਰਸ ਹੱਸ ਹੱਸ ਕੇ ਨਿਕਸਾਵੇ ਛਿਹਾਂ ਜਾਂ ਬਰਸ ਭਾਂਅ ਖਾਵੇ ਡੰਡ ਪੇਲਦਾ ॥ ਸੱਤਵੇਂ ਬਰਸ ਬੀਰ ਟਿਨੂੰ ਕੇ ਬਜ਼ਾਰ ਵੜੇ ਲਾਕੇ ਭਗਵਾਨ ਸਿੰਘ ਮੁਖ ਰੁਮੇਲਦਾ ॥ ੭ ॥ ਕਬਿੱਟ ॥ ਅੱਠਵੇਂ ਬਰਸ ਸ਼ੌਕ ਜਾਗਿਆ ਸ਼ਿਕਾਰੇਨੂੰ ਬੈਠ ਕੇ ਕਿਨਾਰੇ ਲੱਗਾ ਸੈਂਡ ਪਟਾ ਫੇਰਨੇ ॥ ਸੈਂਡ ਜੋ ਚਲਾਵੇ ਤਾਂ ਉਡਾਰੇ ਸੀਸ ਕੌਡੀਆਂ ਦੇ ਵੱਡੀ ਦੇਰ ਵਿੱਚ ਲੱਗਾ ਜਿੰਦੂਆਂ ਬਖੇਰਨੇ ॥ ਨਾਵਾਂ ਜਾਂ ਬਰਸ ਬਰਸ ਪਈ ਮੀਏਂ ਰਾਂਝਣੇਨੂੰ ਦਸਵੇਂ

ਬਰਸਾਂ ਔਰਤਾਂ ਘੋਹਨੇ ॥ ਸਤਾਰ੍ਹਵੇਂ ਬਰਸ ਖਾਬ ਆਧਾ ਭਜਾਨਸਿੰਘ ਬਾਰ੍ਹਵੇਂ ਬਰਸ ਜਾਂ ਜਾਗਿਆ ਇਸ਼ਕ ਜ਼ੋਰ ਨੇ ॥੮॥ ਕਬਿੱਤ ॥ ਹੋਯਾ ਰਾਂਝਣਾ ਜਵਾਨ ਲੱਗਾ ਦੇਗ ਪੀਣ ਖਾਣ ਪਹਿਨੇ ਬਾਛੜੇ ਬੁਰਾਨ ਨਾਲ ਮਾਪਿਆਂ ਦੇ ਮਾਣਦੇ ॥ ਦੇਖ ਮਾਪੇ ਹੀਰ ਰਾਂਝੀ ਜਿਉਂ ਭਬੇਲੇ ਪਲੇ ਭਾਂਜੀ ਜਿਵੇਂ ਬਾਲਕੇ ਨੂੰ ਬਾਂਝੀ ਤਿਵੇਂ ਰਾਂਝਣੇ ਨੂੰ ਜਾਣਦੇ ॥ ਰਾਂਝਾ ਅਲਬੇਲਾ ਕੁੜੀ ਮੁੰਹ ਦਾ ਸੁਰੇਲਾ ਕੋਈ ਛੇੜਦਾ ਨਾ ਮੇਲਾ ਵਿੱਚ ਰੌਸ਼ਨ ਜਹਾਨਦੇ ॥ ਵਿਚ ਗਲੀਆਂ ਦੇ ਗਾਵੇ ਸੋਹਣੀ ਬੰਸਰੀ ਬਜਾਵੇ ਭਜਾਨਸਿੰਘ ਭਾਵੇ ਮਨ ਮੂਰਖ ਸੁਜਾਨਦੇ ॥੯॥ ਕਬਿੱਤ ॥ ਬਾਪ ਦੇ ਹਜ਼ੂਰ ਰਾਂਝਾ ਬੈਠਦਾ ਪਰੇ ਮਨਾਲ ਦਿਲੋਂ ਖੁਸ਼ਹਾਲ ਨ ਅੰਦੇਸਾ ਕਿਸੇ ਗੱਲ ਦਾ ॥ ਰਾਂਝੇ ਦਾ ਅਦਬ ਲੈ ਕਰੱਖਦੇ ਹਜ਼ਾਰੇ ਵਿਚ ਭਾਬੀਆਂ ਤੇ ਭਾਈ ਕੋਈ ਬੋਲ ਨ ਉਚੱਲਦਾ ॥ ਖੇਡਦੇ ਹੈਦੇ ਨੂੰ ਹਟਾਉਨਹੀਂ ਮੂਲਯਾਂ ਦੱਖ ਬਦਨਾਮੀ ਸਾਪ ਆਪ ਸਿਰ ਝੱਲਦਾ ॥ ਜਾਨ ਤੋਂ ਪਿਆਰਾ ਭਜਾਨਸਿੰਘ ਮੌਸੁਤਾਂਈ ਕਰੇਨਾ ਵਸਾਹ ਪਰੇ ਪਲਕਾਂ ਤੇ ਪਲਦਾ ॥ ੧੦ ॥ ਕਬਿੱਤ ॥ ਪਲ ਦੇ ਵਛੋੜੇ ਨਾਲ ਹਾਲ ਤੋਂ ਬਹਾਲ ਹੋਵੇ ਰੋਵੇ ਭਰ ਅੱਖੀਂ ਤੇ ਦਿਲਾਂ ਦੀ ਆਹੀਂ ਮਾਰਕੇ ॥ ਧੁਸਫ਼ੇ ਦੇ ਕਾਰਨੇ ਜ਼ਲੈਖਾਂ ਨਾਰ ਮਾਰਦੀ ਸੀ ਤਿਵੇਂ ਮੌਜੂ ਚੌਧਰੀ ਸੀ ਰੌਂਦਲਾ ਪੁਕਾਰਕੇ ॥ ਅੰਨ ਨਹੀਂ ਖਾਵੇ ਪਾਣੀ ਕੰਠਾ ਲੰਘਾਵੇ ਮੂਲ ਸੁੱਕ ਜਾਣ ਹੱਡੀਆਂ ਹੈਂਝੇ ਨੂੰ ਬਿਸਾਰਕੇ ॥ ਰਹੇ ਨਹੀਂ ਭੁੱਖ ਭਜਾਨਸਿੰਘ ਚੌਧਰੀ ਨੂੰ ਟੁੱਟ ਜਾਣ ਦੁਖ ਮੁਖ ਰਾਂਝੇ ਦਾ ਨਿਹਾਰਕੇ ॥ ੧੧ ॥ ਕਵਿੱਤ ॥

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.